ਤੁਰੰਤ ਰਿਲੀਜ ਲਈ

# ਸਿਟੀ ਦਾ ਨਰਚਰਿੰਗ ਨੇਬਰਹੁੱਡਸ ਪ੍ਰੋਗਰਾਮ 2022 ਵਿੱਚ ਦੁਬਾਰਾ ਆ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ (4 ਅਗਸਤ, 2022) – ਸਿਟੀ ਆਫ ਬ੍ਰੈਂਪਟਨ ਦਾ ਨਰਚਰਿੰਗ ਨੇਬਰਹੁੱਡਸ ਪ੍ਰੋਗਰਾਮ (Nurturing Neighbourhoods Program), ਮੰਗਲਵਾਰ, 9 ਅਗਸਤ, 2022 ਨੂੰ ਦੁਬਾਰਾ ਆ ਰਿਹਾ ਹੈ।

ਨਰਚਰਿੰਗ ਨੇਬਰਹੁੱਡਸ ਪ੍ਰੋਗਰਾਮ ਦਾ ਉਦੇਸ਼, ਨਾਗਰਿਕਾਂ ਦੀ ਸ਼ਮੂਲੀਅਤ ਨੂੰ ਬਿਹਤਰ ਬਣਾਉਣਾ, ਨਿਵਾਸੀਆਂ ਨੂੰ ਆਪਣੇ ਨੇਬਰਹੁੱਡ ਨੂੰ ਬਿਹਤਰ ਬਣਾਉਣ ਲਈ ਸਰਗਰਮ ਭੂਮਿਕਾ ਨਿਭਾਉਣ ਵਿੱਚ ਸਮਰੱਥ ਬਣਾਉਣਾ ਅਤੇ ਉਹਨਾਂ ਨੂੰ ਵਸੀਲਿਆਂ ਨਾਲ ਜੋੜਨਾ ਹੈ। ਨਿਵਾਸੀਆਂ ਵਾਸਤੇ ਆਪਣੇ ਨੇਬਰਹੁੱਡ ਬਾਰੇ ਹੋਰ ਜਾਣਨ ਅਤੇ ਉਹਨਾਂ ਲਈ ਕੀ ਮਹੱਤਵਪੂਰਣ ਹੈ, ਉਸਨੂੰ ਔਨਲਾਈਨ ਸਾਂਝਾ ਕਰਨ ਲਈ ਚਾਰ ਨਵੇਂ ਤਰੀਕੇ ਹੋਣਗੇ:

- ਨੇਬਰਹੁੱਡ ਵਾੱਕਸ – ਪੂਰੇ ਬ੍ਰੈਂਪਟਨ ਵਿੱਚ ਆਯੋਜਿਤ ਕੀਤੀਆਂ ਜਾਣ ਵਾਲੀਆਂ ਪੰਜ ਵਾੱਕਸ ਅਤੇ ਵਰਕਸ਼ਾਪਾਂ ਹੋਣਗੀਆਂ: ਫਲੈਚਰਸ ਮੀਡੋ N/S (Fletcher's Meadow N/S) ਅਤੇ ਵਾਨ ਕਿਰਕ (Van Kirk), ਲੁੰਡੀ ਵਿਲੇਜ (Lundy Village) ਅਤੇ ਫਲੈਚਰਸ ਕ੍ਰੀਕ (Fletcher's Creek), ਬ੍ਰੈਮਲੀ ਜੀ-ਸੈਕਸ਼ਨ (Bramalea G-Section), ਕਾਸਲਮੋਰ ਐਸਟੇਟਸ ਐਂਡ ਵਾਈਲਡਲਾਈਫ (Castlemore Estates and Wildfield) ਅਤੇ ਸ਼ੈਰੀਡਨ (Sheridan)।
- ਵਰਚੁਅਲ (ਆਭਾਸੀ) ਟੂਰ – ਦਸ ਵਰਚੁਅਲ ਟੂਰ ਹੋਣਗੇ, ਜਿਹਨਾਂ ਵਿੱਚ ਪੂਰੇ ਬ੍ਰੈਂਪਟਨ ਵਿੱਚ ਨੇਬਰਹੁੱਡਸ ਦੀਆਂ ਸ਼ਾਨਦਾਰ ਚੀਜ਼ਾਂ ਨੂੰ ਉਜਾਗਰ ਕੀਤਾ ਜਾਵੇਗਾ।
- ਨੇਬਰਹੁੱਡ ਸਰਵੇਖਣ – ਸਿਟੀ, ਕਮਿਉਨਿਟੀ ਦੇ ਨੇਬਰਹੁੱਡਸ ਨੂੰ ਸਮਝਣਾ ਚਾਹੁੰਦੀ ਹੈ ਅਤੇ ਇਹ ਜਾਣਨਾ ਚਾਹੁੰਦੀ ਹੈ ਕਿ ਨਿਵਾਸੀ, ਉਹਨਾਂ ਅੰਦਰ ਆਪਸੀ ਵਿਹਾਰ ਕਿਵੇਂ ਕਰਦੇ ਹਨ। ਨਿਵਾਸੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਔਨਲਾਈਨ ਸਰਵੇਖਣ (online survey) ਵਿੱਚ ਹਿੱਸਾ ਲੈਣ।
- ਔਨਲਾਈਨ ਮੈਪਿੰਗ ਟੂਲ – ਇਸ ਟੂਲ ਦੇ ਨਾਲ, ਨਿਵਾਸੀ ਆਪਣੀਆਂ ਮਨਪਸੰਦ ਥਾਵਾਂ, ਚਿੰਤਾਵਾਂ ਅਤੇ ਤਬਦੀਲੀਆਂ ਨੂੰ ਪਛਾਣ ਸਕਣਗੇ, ਜੋ ਉਹ ਪੂਰੇ ਸ਼ਹਿਰ ਵਿੱਚ ਦੇਖਣਾ ਚਾਹੁੰਦੇ ਹਨ।

ਬ੍ਰੈਂਪਟਨ ਦੇ ਨਿਵਾਸੀਆਂ ਨੂੰ ਨੇਬਰਹੁੱਡ ਦੀਆਂ ਆਪਣੀਆਂ ਮਨਪਸੰਦ ਸ਼ਾਨਦਾਰ ਚੀਜ਼ਾਂ ਨੂੰ ਉਜਾਗਰ ਕਰਦੇ ਹੋਏ ਇੱਕ ਛੋਟਾ ਜਿਹਾ ਵੀਡੀਓ ਸਾਂਝਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ, ਇਸ ਨਾਲ ਉਹਨਾਂ ਕੋਲ ਇਨਾਮ ਜਿੱਤਣ ਦਾ ਮੌਕਾ ਹੋਵੇਗਾ! ਸਿਟੀ ਨੂੰ, 14 ਅਗਸਤ ਤੱਕ ਆਪਣੀਆਂ ਮਨਪਸੰਦ ਲੋਕਲ ਥਾਵਾਂ ਬਾਰੇ ਦੱਸੋ। ਚੁਣੇ ਗਏ ਵੀਡੀਓ ਨੂੰ ਇਸ ਸਾਲ ਦੇ ਪ੍ਰੋਗਰਾਮ ਵਿੱਚ ਪੇਸ਼ ਕੀਤਾ ਜਾਵੇਗਾ! ਵੀਡੀਓ ਔਨਲਾਈਨ, www.brampton.ca/communitysafety ਤੇ ਪੇਸ਼ ਕੀਤੇ ਜਾ ਸਕਦੇ ਹਨ।

ਸਪਾਂਸਰਸ਼ਿਪ, ਅਜਿਹੀ ਮੁਫਤ ਕੁਆਲਿਟੀ ਪ੍ਰੋਗਰਾਮਿੰਗ ਪ੍ਰਦਾਨ ਕਰਨ ਲਈ ਸਿਟੀ ਦੇ ਯਤਨਾਂ ਵਿੱਚ ਸਹਾਇਤਾ ਕਰਦੀ ਹੈ, ਜੋ ਕਮਿਉਨਿਟੀ ਵਿੱਚ ਹਰ ਕਿਸੇ ਲਈ ਪਹੁੰਚਯੋਗ ਹੋਵੇ। ਨਰਚਰਿੰਗ ਨੇਬਰਹੁੱਡਸ ਪ੍ਰੋਗਰਾਮ ਨੂੰ ਇੱਕ ਵਾਰ ਫਿਰ, ਅਲੈਕਟਰਾ (Alectra) ਅਤੇ ਐਨਬ੍ਰਿਜ ਗੈਸ (Enbridge Gas) ਉਦਾਰਤਪੂਰਬਕ ਪ੍ਰਾਯੋਜਿਤ ਕਰ ਰਹੇ ਹਨ।

ਨਰਚਰਿੰਗ ਨੇਬਰਹੁੱਡਸ ਬਾਰੇ ਹੋਰ ਜਾਣਕਾਰੀ ਅਤੇ ਵਰਚੁਅਲ ਨੇਬਰਹੁੱਡ ਵਾੱਕਸ ਦੀ ਪੂਰੀ ਸੂਚੀ ਲਈ, www.brampton.ca/communitysafety ਤੇ ਜਾਓ।

**2021 ਦਾ ਪ੍ਰੋਗਰਾਮ**

ਪਿਛਲੇ ਸਾਲ, ਸਿਟੀ ਨੇ ਬ੍ਰੈਂਪਟਨ ਵਾਸੀਆਂ ਨੂੰ ਸ਼ਾਮਲ ਕਰਨ ਅਤੇ ਸਿਵਿਕ ਕਮਿਉਨਿਟੀ ਬਣਾਉਣ ਵਾਸਤੇ ਉਤਸ਼ਾਹਿਤ ਕਰਨ ਲਈ, ਪੂਰੇ ਬ੍ਰੈਂਪਟਨ ਵਿੱਚ 15 ਨੇਬਰਹੁੱਡਸ ਔਡਿਟ ਕੀਤੇ ਸਨ। 1300 ਤੋਂ ਵੱਧ ਨਿਵਾਸੀਆਂ ਨੇ, 2021 ਵਿੱਚ ਨਰਚਰਿੰਗ ਨੇਬਰਹੁੱਡਸ ਪ੍ਰੋਗਰਾਮ ਦੇ ਦੁਆਰਾ ਆਪਣੀ ਕਮਿਉਨਿਟੀ ਨੂੰ ਬਿਹਤਰ ਬਣਾਉਣ ਵਿੱਚ ਸਰਗਰਮ ਭੂਮਿਕਾ ਨਿਭਾਈ ਸੀ। ਸਿਟੀ ਨੂੰ 900 ਤੋਂ ਵੱਧ ਸਰਵੇਖਣ ਜਵਾਬ ਮਿਲੇ ਸਨ ਅਤੇ 450 ਤੋਂ ਵੱਧ ਲੋਕਾਂ ਨੇ ਔਨਲਾਈਨ ਮੈਪਿੰਗ ਟੂਲ (Online Mapping Tool) ਪਿਨ ਕੀਤਾ ਸੀ। 2021 ਦੇ ਨਤੀਜਿਆਂ ਬਾਰੇ ਹੋਰ ਜਾਣਕਾਰੀ ਲਈ, www.brampton.ca/communitysafety ਤੇ ਜਾਓ।

**ਹਵਾਲੇ**

"ਬ੍ਰੈਂਪਟਨ ਦੇ ਨਿਵਾਸੀ ਮਾਹਰ ਹੁੰਦੇ ਹਨ, ਜਦੋਂ ਉਹਨਾਂ ਨੇਬਰਹੁੱਡਸ ਦੀ ਗੱਲ ਆਉਂਦੀ ਹੈ, ਜਿਹਨਾਂ ਨੂੰ ਉਹ ਘਰ ਆਖਦੇ ਹਨ ਅਤੇ ਸਾਡੇ ਸ਼ਹਿਰ ਬਾਰੇ ਉਹਨਾਂ ਨੂੰ ਕੀ ਪਸੰਦ ਹੈ ਅਤੇ ਉਹ ਕਿਸ ਚੀਜ਼ ਵਿੱਚ ਤਬਦੀਲੀਆਂ ਚਾਹੁੰਦੇ ਹਨ, ਇਸ ਬਾਰੇ ਉਹਨਾਂ ਦੇ ਸੁਝਾਅ ਬਹੁਮੁੱਲੇ ਹਨ। ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਵਜੋਂ, ਅਸੀਂ ਚਾਹੁੰਦੇ ਹਾਂ ਕਿ ਸਾਰੇ ਬ੍ਰੈਂਪਟਨਵਾਸੀ ਆਪਣੇ ਨੇਬਰਹੁੱਡਸ ਵਿੱਚ ਸੁਰੱਖਿਅਤ ਮਹਿਸੂਸ ਕਰਨ, ਉਹਨਾਂ ਅੰਦਰ ਆਪਣੇਪਣ ਦੀ ਭਾਵਨਾ ਹੋਵੇ ਅਤੇ ਉਹਨਾਂ ਕੋਲ ਆਪਣੀ ਕਮਿਉਨਿਟੀ ਵਿੱਚ ਸਰਗਰਮ ਰੂਪ ਨਾਲ ਹਿੱਸਾ ਲੈਣ ਦਾ ਮੌਕਾ ਹੋਵੇ। ਪਿਛਲੇ ਨਰਚਰਿੰਗ ਨੇਬਰਹੁੱਡਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਸਾਰੇ ਲੋਕਾਂ ਦਾ ਧੰਨਵਾਦ ਅਤੇ ਅਸੀਂ ਹੋਰ ਜਾਣਕਾਰੀ ਲਈ ਦੁਬਾਰਾ ਸਾਡੇ ਨਿਵਾਸੀਆਂ ਦੇ ਨਾਲ ਜੁੜਨ ਲਈ ਉਤਸ਼ਾਹਿਤ ਹਾਂ।"

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ, ਅਜਿਹਾ ਸ਼ਹਿਰ ਬਣਾਉਣ ਲਈ ਵਚਨਬੱਧ ਹੈ, ਜਿਸਨੂੰ ਸਾਡੇ ਸਾਰੇ ਨਿਵਾਸੀ ਮਾਣ ਨਾਲ ਆਪਣਾ ਘਰ ਆਖਣ। ਬ੍ਰੈਂਪਟਨਵਾਸੀਆਂ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਉਹ ਵਿਅਕਤੀਗਤ ਰੂਪ ਨਾਲ ਇਸ ਸਾਲ ਦੇ ਨਰਚਰਿੰਗ ਨੇਬਰਹੁੱਡਸ ਖੇਤਰਾਂ ਦਾ ਟੂਰ ਕਰਨ, ਔਨਲਾਈਨ ਜਾਂ ਸਾਡੀਆਂ ਸ਼ੈਡਿਊਲ ਕੀਤੀਆਂ ਵਾੱਕਸ ਵਿੱਚੋਂ ਕਿਸੇ ਇੱਕ ਵਿੱਚ ਆਪਣਾ ਸੁਝਾਅ ਦੇਣ ਅਤੇ ਇਨਾਮ ਜਿੱਤਣ ਦੇ ਮੌਕੇ ਲਈ ਛੋਟੇ ਜਿਹੇ ਵੀਡੀਓ ਵਿੱਚ ਆਪਣੀਆਂ ਮਨਪਸੰਦ ਨੇਬਰਹੁੱਡ ਦੀਆਂ ਸ਼ਾਨਦਾਰ ਚੀਜ਼ਾਂ ਨੂੰ ਸਾਂਝਾ ਕਰਨ! ਤੁਹਾਡੇ ਵਿਚਾਰ ਮਾਇਨੇ ਰੱਖਦੇ ਹਨ ਅਤੇ ਤੁਸੀਂ ਸਥਿਰ ਅਤੇ ਸੰਪੂਰਨ ਕਮਿਉਨਿਟੀਜ ਬਣਾਉਣ ਲਈ ਸਾਡੀ ਮਦਦ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹੋ।"

*- ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਨਰਚਰਿੰਗ ਨੇਬਰਹੁੱਡਸ ਪ੍ਰੋਗਰਾਮ, ਬ੍ਰੈਂਪਟਨ ਦੇ ਨਿਵਾਸੀਆਂ ਨੂੰ ਇਸ ਬਾਰੇ ਸੁਝਾਅ ਸਾਂਝੇ ਕਰਨ ਕਿ ਉਹਨਾਂ ਨੂੰ ਆਪਣੀ ਕਮਿਉਨਿਟੀ ਬਾਰੇ ਕੀ ਪਸੰਦ ਹੈ, ਸਿਟੀ ਦੇ ਆਉਣ ਵਾਲੇ ਪ੍ਰੋਜੈਕਟਾਂ ਬਾਰੇ ਜਾਣਨ ਦਾ ਮੌਕਾ ਪ੍ਰਦਾਨ ਕਰਦਾ ਹੈ ਅਤੇ ਲੋਕਲ ਤੌਰ ਤੇ ਤਬਦੀਲੀ ਵਾਸਤੇ ਪ੍ਰੇਰਨਾ ਦਿੰਦਾ ਹੈ। ਅਸੀਂ ਪਿਛਲੇ ਸਾਲਾਂ ਵਿੱਚ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਹਰੇਕ ਵਿਅਕਤੀ ਦਾ ਧੰਨਵਾਦ ਕਰਦੇ ਹਾਂ ਅਤੇ ਇਸ ਸਾਲ ਦੇ ਪ੍ਰੋਗਰਾਮ ਦੇ ਦੁਆਰਾ ਦੁਬਾਰਾ ਸਾਡੇ ਨਿਵਾਸੀਆਂ ਨਾਲ ਜੁੜਨ ਲਈ ਉਤਸ਼ਾਹਿਤ ਹਾਂ।"

*- ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 70,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca